The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News



ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644



0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $95 5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz



18 Febuary 2019 Daily, editornztasveer@gmail.com designnztasveer@gmail.com Ph/Fax: 09 390 4644 FREE


# ਵਾਈਟ ਪਾਊਡਰ ਮਿਲਣ ਤੋਂ ਬਾਅਦ ਵੈਸਟ ਆਕਲੈਂਡ ਕੋਰਟ ਖਾਲੀ ਕਰਾਇਆ ਗਿਆ




ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਵੈਸਟ ਆਕਲੈਂਡ ਕੋਰਟ ਦੀ ਇਮਾਰਤ ਵਿਚ ਚਿੱਟਾ ਪਾਊਡਰ ਪਾਏ ਜਾਣ ਤੋਂ ਬਾਅਦ ਪੱਛਮ ਔਕਲੈਂਡ ਵਿਚ Henderson ਦੀ Waitakere ਜ਼ਿਲ੍ਹਾ ਅਦਾਲਤ ਨੂੰ ਖਾਲੀ ਕਰਵਾਇਆ ਗਿਆ ਹੈ। ਫਾਇਰ ਐਂਡ ਐਮਰਜੈਂਸੀ ਨੇ ਦੱਸਿਆ ਹੈ ਕਿ ਅਦਾਲਤ ਨੂੰ ਤਾਂ ਸਭ ਨੂੰ ਬਾਹਰ ਕੱਢ ਦਿੱਤਾ ਦਿੱਤਾ ਗਿਆ ਹੈ ਅਤੇ ਇਸ ਦੀ ਘੇਰਾਬੰਦੀ ਕੀਤੀ ਗਈ ਹੈ, ਪਰ ਅਜੇ ਉਹ ਉਹ ਚਿੱਟੇ ਪਾਊਡਰ ਦੀ ਪਛਾਣ ਕਰਨ ਵਿਚ ਅਸਮਰੱਥ ਹਨ ਅਤੇ ਇਸ ਬਾਰੇ ਕੁੱਝ ਵੀ ਕਹਿਣਾ ਜਲਦੀ ਹੋਵੇਗੀ। ਐਮਰਜੈਂਸੀ ਅਲਾਰਮ ਦੁਪਹਿਰ 2 ਵਜੇ ਵਜਾਇਆ ਗਿਆ ਸੀ ਅਤੇ ਪੁਲਿਸ ਮੌਕੇ ਤੇ ਪਹੁੰਚ ਗਈ ਅਤੇ ਅੱਗ ਤੇ ਐਮਰਜੈਂਸੀ ਟੀਮ ਦੀ ਸਹਾਇਤਾ ਕਰ ਰਹੀ ਹੈ। ਨਿਆਂ ਮੰਤਰਾਲੇ ਦਾ ਕਹਿਣਾ ਹੈ ਕਿ ਉਹ ਮੌਕੇ 'ਤੇ ਐਮਰਜੈਂਸੀ ਸੇਵਾਵਾਂ ਨਾਲ ਕੰਮ ਕਰ ਰਿਹਾ ਹੈ। ਇਸ ਬਾਰੇ ਅਜੇ ਹੋਰ ਕੋਈ ਵੀ ਜਾਣਕਾਰ ਨਹੀਂ ਦਿੱਤੀ ਗਈ।

# 82 ਸਾਲਾ ਨਿਊਜ਼ੀਲੈਂਡ ਵਾਸੀ ਵਲੋਂ 65 ਸਾਲ ਸਾਬਕਾ ਪ੍ਰੇਮਿਕਾ ਨਾਲ ਵਿਆਹ ਕਰਵਾਇਆ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਦਿਲ ਹੋਣਾ ਚਾਹੀਦਾ ਜਵਾਨ ਉਮਰਾਂ 'ਚ ਕੀ ਰੱਖਿਆ ਇਹ ਕਹਾਚਤ 82 ਸਾਲਾ ਨਿਊਜ਼ੀਲੈਂਡ ਵਾਸੀ ਵਲੋਂ 65 ਸਾਲ ਆਪਣੀ ਸਾਬਕਾ ਪ੍ਰੇਮਿਕਾ ਨਾਲ ਵਿਆਹ ਕਰਕੇ ਸੱਚ ਸਾਬਿਤ ਕਰ ਵਿਖਾਈ। ਜੀਨ ਅਤੇ ਰੋਨ ਮੈਲਰਸਨ, 1950 ਵਿੱਚ ਸਕਾਟਲੈਂਡ ਦੇ ਕਲਾਈਥਰਸ ਵਿੱਚ ਮਿਲੇ ਸਨ , ਅਤੇ ਇੱਕ ਦੂਜੇ ਨੂੰ ਪਸੰਦ ਵੀ ਕਰਦੇ ਸਨ ਅਤੇ ਵਿਆਹ ਕਰਵਾਉਣਾ ਚਾਹੁੰਦੇ ਸਨ ਪਰ ਰੋਨ ਤੇ ਉਸਦਾ ਪਰਿਵਾਰ ਨਿਊਜ਼ੀਲੈਂਡ ਆ ਗਿਆ ਉਸ ਵਕਤ ਉਸ ਦੀ ?ਮਰ 16 ਸਾਲ ਦੀ ਸੀ। ਦੂਜੇ ਪਾਸੇ ਜੀਨ ਕੈਨੇਡਾ ਚਲੀ ਗਈ। ਅਤੇ ਦੋਵੇਂ ਆਪਣੀ -ਆਪਣੀ ਜਿੰਦਗੀ ਵਿੱਚ ਮਸਰੂਫ ਹੋ ਗਏ। ਉਨ੍ਹਾਂ ਦੋਵਾਂ ਨੇ ਕਿਸੇ ਹੋਰ ਕਿਧਰੇ ਵਿਆਹ ਵੀ ਕਰਵਾ ਲਿਆ ਸੀ।



ਅਤੇ ਉਨ੍ਹਾਂ ਦੇ ਬੱਚੇ ਵੀ ਹੋ ਗਏ ਸਨ। 2015 ਵਿੱਚ ਰੋਨ ਨੇ ਸੋਚਿਆ ਕਿ ਉਹ ਜੀਨ ਨਾਲ ਗੱਲ ਕਰੇ ? ਪਰ ਉਨਾਂ ਨੂੰ ਇੱਕ-ਦੂਜੇ ਬਾਰੇ ਕੋਈ ਜਾਣਕਾਰੀ ਨਹੀਂ ਸੀ ? ਇੱਕ ਦਿਨ ਜੀਨ ਦੀ ਕੁੜੀ ਵਲੋਂ ਰੋਨ ਦੀ ਪੋਤਰੀ ਦਾ ਫੇਸਬੁੱਕ ਅਕਾਊਂਟ ਲੱਭਿਆ ਗਿਆ ਤਾਂ ਜੋ ਉਹ ਉਨਾਂ ਦਾ ਮੇਲ ਦੁਬਾਰਾ ਤੋਂ ਕਰਵਾ ਸਕਣ ? ਫਿਰ ਉਹ ਕਈ ਸਾਲਾਂ ਦੇ ਵਿਛੋੜੇ ਤੋਂ ਬਾਅਦ ਦੁਬਾਰਾ ਮਿਲੇ ਅਤੇ ਉਨਾਂ ਨੇ ਵਿਆਹ ਕਰਵਾਉਣ ਦਾ ਫੈਸਲਾ ਲਿਆ

# ਪੁਲਸ ਦੱਖਣੀ ਆਕਲੈਂਡ 'ਚ ਗੋਲੀਬਾਰੀ ਸੰਬੰਧੀ ਪੁਲਿਸ ਸੀਸੀਟੀਵੀ ਫੁਟੇਜ ਕਰ ਰਹੀ ਹੈ ਜਾਂਚ



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਪੁਲਸ ਦੱਖਣੀ ਆਕਲੈਂਡ ਦੇ ਮੰਜਿਓਰ ਬ੍ਰਿਜ ਇਲਾਕੇ 'ਚ ਸੀਸੀਟੀਵੀ ਫੁਟੇਜ ਦੀ ਸਮੀਖਿਆ ਕਰ ਰਹੀ ਹੈ ਕਿਉਂਕਿ ਕੱਲ੍ਹ ਇਸ ਇਲਾਕੇ ਵਿੱਚ ਇੱਕ ਵਿਅਕਤੀ 'ਤੇ ਗੋਲੀ ਚਲਾ ਕੇ ਉਸ ਨੂੰ ਗੰਭੀਰ ਜਖਮੀ ਕਰ ਦਿੱਤਾ ਗਿਆ ਸੀ। ਕੋਰੋਨੇਸ਼ਨ ਰੋਡ 'ਤੇ ਗੋਲੀ ਨਾਲ ਜਖਮੀ ਹੋਣ ਵਾਲਾ ਵਿਅਕਤੀ ਹਸਪਤਾਲ ਵਿਚ ਸਥਾਈ ਹਾਲਤ ਵਿਚ ਭਰਤੀ ਹੈ॥ ਡਿਪਟੀਟੀਸੀ ਸੀਨੀਅਰ ਸਾਰਜੈਂਟ ਵਾਰਿਕ ਐਡਕੀਨ ਆਫ ਕਾਉਂਟੀਜ ਮੈਨੁਕਉ ਵੈਸਟ ਸੀਆਈਬੀ ਨੇ ਅੱਜ ਕਿਹਾ ਕਿ ਇੱਕ ਦੂਜੀ ਆਦਮੀ ਨੂੰ ਵੀ ਇਸੇ ਘਟਨਾ ਵਿੱਚ ਕੁੱਝ ਹਲਕੀਆਂ ਚਿਹਰੇ ਉੱਤੇ ਚੋਟਾਂ ਆਈਆਂ ਹਨ। ਉਨ੍ਹਾਂ ਨੇ ਕਿਹਾ ਕਿ ਪੁਲਸ ਕਈ ਥਾਵਾਂ 'ਤੇ ਜਾਂ ਇਸ ਦੇ ਦੁਆਲੇ ਸਥਿਤ ਵਾਹਨਾਂ ਦੀ ਜਾਂਚ ਜਾਰੀ ਰੱਖ ਰਹੀ ਹੈ।ਮਿਸਟਰ ਐਡਕਿਨ ਨੇ ਕਿਹਾ ਕਿ ਪੁਲਿਸ ਨੂੰ ਇਸ ਘਟਨਾ ਬਾਰੇ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਦੀ ਵੀ ਭਾਲ ਹੈ ਤਾਂ ਜੋ ਸਹੀ ਜਾਣਕਾਰੀ ਮਿਲ ਸਕੇ।

# ਮੋਹਾਲੀ ਸਟੇਡੀਅਮ ਚੋਂ ਪਾਕਿ ਕ੍ਰਿਕਟਰਾਂ ਦੀਆਂ ਹਟਾਈਆਂ ਤਸਵੀਰਾਂ

ਹਾਲ ਹੀ 'ਚ ਪਾਕਿਸਤਾਨੀ ਅੱਤਵਾਦੀਆਂ ਵਲੋਂ ਭਾਰਤ ਦੇ ਜਵਾਨਾਂ 'ਤੇ ਕੀਤੇ ਗਏ ਆਤਮਘਾਤੀ ਹਮਲੇ ਕਾਰਨ ਸ਼ਹੀਦ ਹੋਏ ਸੀ. ਆਰ. ਪੀ. ਐੱਫ. ਦੇ ਜਵਾਨਾਂ ਦੀ ਸ਼ਹੀਦੀ ਨੂੰ ਮੁੱਖ ਰੱਖਦਿਆਂ ਪੀ. ਸੀ. ਏ. ਕ੍ਰਿਕਟ ਸਟੇਡੀਅਮ ਮੋਹਾਲੀ ਵਿਖੇ ਕਾਫੀ ਸਮੇਂ ਤੋਂ ਲੱਗੀਆਂ ਹੋਈਆਂ ਪਾਕਿਸਤਾਨੀ ਖਿਡਾਰੀਆਂ ਨਾਲ ਸਬੰਧਤ ਸਾਰੀਆਂ ਹੀ ਤਸਵੀਰਾਂ ਸਟੇਡੀਅਮ ਤੋਂ ਹਟਾ ਦਿੱਤੀਆਂ ਗਈਆਂ ਹਨ। ਇਨ੍ਹਾਂ ਤਸਵੀਰਾਂ ਨੂੰ ਬੋਰਡ ਰੂਮ 'ਚ ਇਕ ਖੂੰਜੇ 'ਚ ਉਲਟੀਆਂ ਕਰਕੇ ਰੱਖ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਦੇਸ਼ ਦੇ ਜਵਾਨਾਂ 'ਤੇ ਬੇਦਰਦੀ ਨਾਲ ਕੀਤੇ ਗਏ ਇਸ ਹਮਲੇ ਦੀ ਪੂਰੇ ਦੇਸ਼ ਵਲੋਂ ਸਖਤ ਨਿੰਦਿਆਂ ਅਤੇ ਪ੍ਰਤੀਕਰਮ ਪ੍ਰਗਟ ਕੀਤਾ ਜਾ ਰਿਹਾ ਹੈ। ਜਿਥੇ ਆਮ ਜਨਤਾ ਵਲੋਂ ਪਾਕਿਸਤਾਨੀ ਝੰਡੇ ਨੂੰ ਥਾਂ-ਥਾਂ 'ਤੇ ਸਾੜਿਆ ਜਾ ਰਿਹਾ ਹੈ। ਉਥੇ ਪੀ. ਸੀ. ਏ. ਵਲੋਂ ਵੀ ਦੇਸ਼ ਭਗਤੀ ਦਾ ਜਜਬਾ ਦਿਖਾਉਂਦਿਆਂ ਪਾਕਿਸਤਾਨ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਫੋਟੋ ਨੂੰ ਪਰੇ ਵਗਾ ਮਾਰਿਆ ਗਿਆ ਹੈ। ਇਸ ਸਬੰਧੀ ਪੀ. ਸੀ. ਏ. ਆਨਰੇਰੀ ਖਜਾਨਚੀ ਅਜੇ ਤਿਆਗੀ ਨੇ 'ਜਗਬਾਣੀ' ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਾਲ ਹੀ 'ਚ ਹੋਈਆਂ ਘਟਨਾਵਾਂ ਨੂੰ ਵੇਖਦਿਆਂ ਇਹ ਫੈਸਲਾ ਕੀਤਾ ਗਿਆ ਹੈ ਕਿ ਪਾਕਿਸਤਾਨ ਕਿਸੇ ਵੀ ਸਨਮਾਨ ਦੇ ਯੋਗ ਨਹੀਂ ਹੈ। ਉਨ੍ਹਾਂ ਦੱਸਿਆ ਕਿ ਜਿਨਾਂ ਫੋਟੋਆਂ 'ਚ ਪਾਕਿਸਤਾਨ ਦਾ ਨਾਂ ਵੀ ਲਿਖਿਆ ਗਿਆ ਹੈ ਉਹ ਵੀ ਸਟੇਡੀਅਮ 'ਚੋਂ ਹਟਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਹਟਾਈਆਂ ਗਈਆਂ ਫੋਟੋਆਂ ਦੀ ਥਾਂ 'ਤੇ ਹੋਰ ਨਵੀਆਂ ਫੋਟੋਆਂ ਲਗਾ ਦਿੱਤੀਆਂ ਗਈਆਂ ਹਨ।



# ਸਿੱਧੂ ਦੇ ਪੱਖ 'ਚ ਉਤਰੇ ਕਨ੍ਹੱਈਆ ਕੁਮਾਰ, ਭਾਜਪਾ ਦੀ ਨੀਤੀ 'ਤੇ ਚੁੱਕੇ ਸਵਾਲ

ਲੋਕਾਂ ਦੀ ਸੋਚ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸੀ ਦਾ ਇਸਤੇਮਾਲ ਕਰਕੇ ਬਦਲਣਾ ਅੱਜ ਕਾਫ਼ੀ ਸੌਖਾ ਹੋ ਗਿਆ ਹੈ ਪਰ ਪਹਿਲਾਂ ਅਜਿਹਾ ਨਹੀਂ ਸੀ। ਪੰਜਾਬ ਕਲਾ ਭਵਨ 'ਚ ਵਰਲਡ ਪੰਜਾਬੀ ਕਾਨਫਰੰਸ 'ਚ ਪਹੁੰਚੇ ਜੇ. ਐੱਨ. ਯੂ. ਦੇ ਸਾਬਕਾ ਕੌਂਸਲ ਪ੍ਰਧਾਨ ਕਨ੍ਹੱਈਆ ਕੁਮਾਰ ਅਨੁਸਾਰ ਆਰਟੀਫੀਸ਼ੀਸਲ ਇੰਟੈਲੀਜੈਂਸੀ ਬੁਰੀ ਨਹੀਂ ਹੈ ਪਰ ਉਸ ਅਨੁਸਾਰ ਆਪਣੀ ਸੋਚ ਨੂੰ ਬਦਲਣਾ ਚੰਗਾ ਨਹੀਂ ਹੈ। ਅਲਰਟਨੇਟ ਰਾਜਨੀਤੀ 'ਤੇ ਉਨ੍ਹਾਂ ਨੇ ਕਿਹਾ ਕਿ ਅੱਜ ਖੁਦ ਦਾ ਪ੍ਰਚਾਰ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੈ, ਜੋ ਕਿ ਪਹਿਲਾਂ ਨਹੀਂ ਸੋਚਿਆ ਜਾਂਦਾ ਸੀ। ਉਨ੍ਹਾਂ ਨੇ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਬਾਰੇ ਕਿਹਾ ਕਿ ਜੇਕਰ ਉਹ ਪਾਕਿਸਤਾਨ ਗਏ ਤਾਂ ਉਨ੍ਹਾਂ ਨੂੰ ਦੇਸ਼ਧ੍ਰੋਹੀ ਐਲਾਨਣ 'ਚ ਕੋਈ ਕਸਰ ਨਹੀਂ ਛੱਡੀ ਗਈ ਪਰ ਜਦੋਂ ਪ੍ਰਧਾਨ ਮੰਤਰੀ ਖੁਦ ਜਾਂਦੇ ਹਨ ਤਾਂ ਉਸਨੂੰ ਰਾਜਨੀਤਕ ਰਣਨੀਤੀ ਦੱਸਦੇ ਹਨ।

# ਅਮਰੀਕਾ ਵਿਚ ਸਿੱਖ ਧਰਮਗੁਰੂ ਤੇ ਹਮਲਾ, ਮੁਲਜ਼ਮ ਗ੍ਰਿਫਤਾਰ



ਅਮਰੀਕਾ ਦੇ ਕੈਲੀਫੋਰਨੀਆ ਵਿਚ ਇਕ ਸਿੱਖ ਧਰਮਗੁਰੂ ਨੂੰ ਮੁਸਲਮਾਨ ਸਮਝ ਕੇ ਉਨ੍ਹਾਂ 'ਤੇ ਗਰਮ ਕਾਫੀ ਸੁੱਟਣ ਅਤੇ ਉਨ੍ਹਾਂ ਨੂੰ ਮੁੱਕਾ ਮਾਰਨ ਦੇ ਦੋਸ਼ ਵਿਚ ਇਕ ਵਿਅਕਤੀ ਵਿਰੁੱਧ ਨਫਰਤੀ ਅਪਰਾਧ ਦਾ ਮਾਮਲਾ ਦਰਜ ਕੀਤਾ ਗਿਆ ਹੈ। ਮੀਡੀਆ ਵਿਚ ਆਈ ਇਕ ਖਬਰ ਮੁਤਾਬਕ ਇਹ ਜਾਣਕਾਰੀ ਦਿੱਤੀ ਗਈ ਹੈ। ਸੈਕਰਾਮੈਂਟੋ ਬੀਜ ਦੀ ਇਕ ਖਬਰ ਮੁਤਾਬਕ ਮੁਲਜ਼ਮ ਦੀ ਪਛਾਣ ਜਾਨ ਕ੍ਰੈਨ ਵਜੋਂ ਹੋਈ ਹੈ। ਮੈਰਿਸਵਿਲੇ ਵਿਚ ਬੁੱਧਵਾਰ ਦੁਪਹਿਰ ਤਕਰੀਬਨ ਦੋ ਵਜੇ ਮੁਲਜ਼ਮ ਨੇ ਸਿੱਖ ਧਰਮਗੁਰੂ 'ਤੇ ਪਹਿਲਾਂ ਤਾਂ ਗਰਮ ਕਾਫੀ ਸੁੱਟੀ ਅਤੇ ਫਿਰ ਉਨ੍ਹਾਂ ਨੂੰ ਮੁੱਕਾ ਮਾਰਿਆ। ਮੈਰਿਸਵਿਲੇ ਪੁਲਸ ਵਿਭਾਗ ਮੁਤਾਬਕ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਸ ਮੁਤਾਬਕ ਕ੍ਰੈਨ ਨੇ ਸਿੱਖ ਧਰਮਗੁਰੂ 'ਤੇ ਹਮਲਾ ਕਰਨ ਦੀ ਗੱਲ ਕਬੂਲ ਕਰ ਲਈ ਹੈ ਅਤੇ ਉਸ ਨੇ ਦੱਸਿਆ ਕਿ ਉਹ ਮੁਸਲਮਾਨਾਂ ਨਾਲ ਨਫਰਤ ਕਰਦਾ ਹੈ। ਉਸ ਨੇ ਧਰਮਗੁਰੂ 'ਤੇ ਇਸ ਲਈ ਹਮਲਾ ਕੀਤਾ ਕਿਉਂਕਿ ਉਸ ਨੂੰ ਲੱਗਾ ਸੀ ਕਿ ਉਹ ਮੁਸਲਮਾਨ ਹਨ।

# ਮੁਸਲਮਾਨ ਸਮਝ ਕੇ ਸਿੱਖ 'ਤੇ ਹਮਲਾ, ਘਸੁੰਨ ਮਾਰੇ, ਚਿਹਰੇ 'ਤੇ ਸੁੱਟੀ ਤੱਤੀ ਕੌਫੀ

ਨਿਊਯਾਰਕ: ਅਮਰੀਕਾ ਦੇ ਕੈਲੇਫੋਰਨੀਆ 'ਚ ਮੁਸਲਮਾਨ ਸਮਝੇ ਜਾਣ ਕਰਕੇ ਸਿੱਖ ਕਲਰਕ ਨੂੰ ਨਸਲੀ ਹਮਲੇ ਦਾ ਨਿਸ਼ਾਨਾ ਬਣਾਇਆ ਗਿਆ। ਪੁਲਿਸ ਨੇ ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਦੀ ਸ਼ਨਾਖ਼ਤ ਜੌਹਨ ਕ੍ਰਾਇਨ ਵਜੋਂ ਹੋਈ ਹੈ। ਮੁਲਜ਼ਮ ਨੇ ਸਿੱਖ ਵਿਅਕਤੀ ਦੇ ਘਸੁੰਨ ਮਾਰੇ ਤੇ ਤੱਤੀ ਕੌਫ਼ੀ ਵੀ ਉਸ ਦੇ ਚਿਹਰੇ 'ਤੇ ਸੁੱਟ ਦਿੱਤੀ। ਸਥਾਨਕ ਮੀਡੀਆ ਰਿਪੋਰਟ ਮੁਤਾਬਕ ਬੀਤੇ ਬੁੱਧਵਾਰ ਮੈਰਿਸਵਿਲੇ ਰਾਤ ਦੇ ਦੋ ਵਜੇ ਕ੍ਰਾਇਨ ਨੇ ਸਟੋਰ 'ਤੇ ਪਹੁੰਚ ਕੇ ਖ਼ੁਦ ਕੌਫ਼ੀ ਤਿਆਰ ਕੀਤੀ, ਜਿੱਥੇ ਸਿੱਖ ਵਿਅਕਤੀ ਕਲਰਕ ਵਜੋਂ ਨੌਕਰੀ ਕਰਦਾ ਹੈ। ਜਦ ਕ੍ਰਾਇਨ ਬਗ਼ੈਰ ਪੈਸੇ ਦਿੱਤੇ ਉੱਥੋਂ ਜਾ ਲੱਗਾ ਤਾਂ ਸਿੱਖ ਕਲਰਕ ਨੇ ਉਸ ਨੂੰ ਰੋਕਿਆ। ਕ੍ਰਾਇਨ ਨੇ ਉਸ ਦੇ ਘਸੁੰਨ ਮਾਰਿਆ ਤੇ ਫਰਾਰ ਹੋਣ ਤੋਂ ਪਹਿਲਾਂ ਕਲਰਕ ਦੇ ਚਿਹਰੇ 'ਤੇ ਤੱਤੀ ਕੌਫ਼ੀ ਸੁੱਟ ਦਿੱਤੀ। ਪੁਲਿਸ ਅਧਿਕਾਰੀਆਂ ਨੇ ਸੀਸੀਟੀਵੀ ਤਸਵੀਰਾਂ ਦੇ ਆਧਾਰ 'ਤੇ ਕ੍ਰਾਇਨ ਦੀ ਗ੍ਰਿਫ਼ਤਾਰੀ ਕੀਤੀ ਤੇ ਪੁੱਛਗਿੱਛ ਵਿੱਚ ਉਸ ਦੇ ਇੱਕ ਹੋਰ ਹਮਲਾ ਵਿੱਚ ਸ਼ਾਮਲ ਹੋਣ ਬਾਰੇ ਵੀਪਤਾ ਲੱਗਾ। ਇਸ ਦੌਰਾਨ ਮੁਲਜ਼ਮ ਨੇ



ਦੱਸਿਆ ਕਿ ਉਹ ਮੁਸਲਮਾਨਾਂ ਨੂੰ ਨਫ਼ਰਤ ਕਰਦਾ ਹੈ ਤੇ ਉਸ ਨੇ ਸਿੱਖ ਨੂੰ ਵੀ ਮੁਸਲਮਾਨ ਹੋਣ ਦੇ ਭੁਲੇਖੇ ਮਾਰ ਬੈਠਾ। ਜੌਹਨ ਕ੍ਰਾਇਨ ਨੂੰ ਯੂਬਾ ਸਿਟੀ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਹੈ ਤੇ ਉਸ ਦੇ ਨਸਲੀ ਹਮਲੇ ਤੇ ਹੋਰ ਧਾਰਾਵਾਂ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ। ਉੱਧਰ, ਸਿੱਖ ਜਥੇਬੰਦੀਆਂ ਨੇ ਇਸ ਹਮਲੇ ਦੀ ਨਿਖੇਧੀ ਕੀਤੀ ਤੇ ਪੁਲਿਸ ਵੱਲੋਂ ਹਮਲੇ ਨੂੰ ਨਸਲੀ ਮੰਨਦੇ ਹੋਏ ਕੀਤੀ ਕਾਰਵਾਈ 'ਤੇ ਤਸੱਲੀ ਵੀ ਪ੍ਰਗਟਾਈ।

# ਪਾਕਿ ਵਿਦੇਸ਼ ਮੰਤਰਾਲੇ ਦੀ ਵੈੱਬਸਾਈਟ ਹੈਕ, ਅ.ਫਸਰਾਂ ਨੂੰ ਭਾਰਤ 'ਤੇ ਸ਼ੱਕ

ਇਸਲਾਮਾਬਾਦ: ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੀ ਵੈੱਬਸਾਈਟ ਹੈਕ ਕਰ ਲਈ ਗਈ ਹੈ। ਮੰਤਰਾਲੇ ਦੇ ਅਫ਼ਸਰਾਂ ਨੇ ਇਸ ਸਬੰਧੀ ਜਾਣਕਾਰੀ ਦਿੱਤੀ ਹੈ। ਪਾਕਿਸਤਾਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫੈਜ਼ਲ ਮੁਤਾਬਕ ਕਈ ਦੇਸ਼ਾਂ ਦੇ ਲੋਕਾਂ ਨੇ ਦੱਸਿਆ ਕਿ ਉਹ ਵੈੱਬਸਾਈਟ ਨਹੀਂ ਖੋਲ੍ਹ ਪਾ ਰਹੇ। ਇਸ ਘਟਨਾ ਬਾਅਦ ਪਾਕਿਸਤਾਨੀ ਅਫ਼ਸਰਾਂ ਨੇ ਭਾਰਤ 'ਤੇ ਹੈਕਿੰਗ ਕਰਾਉਣ ਦਾ ਸ਼ੱਕ ਜ਼ਾਹਰ ਕੀਤਾ ਹੈ। ਫੈਜ਼ਲ ਨੇ ਦੱਸਿਆ ਕਿ ਆਈਟੀ ਟੀਮ ਵੈੱਬਸਾਈਟ ਨੂੰ ਖੋਲ੍ਹਣ ਦੀ ਕੋਸ਼ਿਸ਼ ਵਿੱਚ ਜੁਟੀ ਹੈ। ਹਾਲਾਂਕਿ ਪਾਕਿਸਤਾਨ ਵਿੱਚ ਬਿਨ੍ਹਾ ਪ੍ਰੇਸ਼ਾਨੀ ਦੇ ਵੈੱਬਸਾਈਟ ਠੀਕ ਚੱਲ ਰਹੀ ਹੈ। ਪਾਕਿਸਤਾਨ ਵਿਦੇਸ਼ ਮੰਤਰਾਲੇ ਮੁਤਾਬਕ ਆਸਟ੍ਰੇਲੀਆ, ਸਾਊਦੀ ਅਰਬ, ਯੂਕੇ ਤੇ ਨੀਦਰਲੈਂਡ ਨੇ ਵੈੱਬਸਾਈਟ ਖੋਲ੍ਹਣ ਵਿੱਚ ਪ੍ਰੇਸ਼ਾਨੀ ਦੀ ਗੱਲ ਕਹੀ ਹੈ। ਜ਼ਿਕਰਯੋਗ ਹੈ ਕਿ ਪੁਲਵਾਮਾ ਹਮਲੇ ਦੇ ਤਿੰਨ ਦਿਨਾਂ ਬਾਅਦ ਪਾਕਿਸਤਾਨ ਵਿਦੇਸ਼ ਮੰਤਰਾਲੇ ਦੀ ਵੈੱਬਸਾਈਟ ਹੈਕ ਹੋਣ ਦੀ ਖ਼ਬਰ ਆਈ ਹੈ। ਵੀਰਵਾਰ ਨੂੰ ਪੁਲਵਾਮਾ ਵਿੱਚ ਸੀਆਰਪੀਐਫ ਦੇ ਕਾਫਲੇ ਉੱਤੇ ਅੱਤਵਾਦੀ ਹਮਲੇ ਦੌਰਾਨ 40 ਜਵਾਨ ਸ਼ਹੀਦ ਹੋ ਗਏ ਸਨ। ਕਾਫਲੇ ਵਿੱਚ ਕੁੱਲ 78 ਵਾਹਨ ਸ਼ਾਮਲ ਸਨ।

# ਕੈਨੇਡਾ 'ਚ ਆਪਣੀ ਧੀ ਨੂੰ ਅ.ਗਵਾ ਕਰ ਕਤਲ ਕਰਨ ਦੇ ਇਲਜ਼ਾਮ ਹੇਠ ਪਿਤਾ ਗ੍ਰਿ.ਫਤਾਰ

ਓਟਾਵਾ: ਕੈਨੇਡਾ ਦੇ ਸੂਬੇ ਓਂਟਾਰੀਓ 'ਚ 11 ਸਾਲਾ ਬੱਚੀ ਦੀ ਲਾਸ਼ ਮਿਲਣ ਮਗਰੋਂ ਪੁਲਿਸ ਨੇ ਉਸ ਦੇ ਪਿਤਾ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਦਾ ਮੰਨਣਾ ਹੈ ਕਿ ਬੱਚੀ ਨੂੰ ਉਸ ਦੇ ਪਿਤਾ ਨੇ ਅਗਵਾ ਕੀਤਾ ਸੀ। ਪੀਲ ਪੁਲਿਸ ਅਧਿਕਾਰੀਆਂ ਨੇ ਮ੍ਰਿਤਕਾ ਰੀਆ ਰਾਜਕੁਮਾਰ ਦੀ ਭਾਲ ਲਈ ਐਂਬਰ ਐਲਰਟ ਵੀ ਜਾਰੀ ਕੀਤਾ ਗਿਆ ਸੀ, ਪਰ ਉਸ ਦੀ ਲਾਸ਼ ਬਰੈਂਪਟਨ ਦੇ ਘਰ ਵਿੱਚੋਂ ਮਿਲੀ ਸੀ। ਹੁਣ ਪੁਲਿਸ ਨੇ ਉਸ ਦੇ 41 ਸਾਲਾ ਪਿਤਾ ਰੁਪੇਸ਼ ਰਾਜਕੁਮਾਰ ਨੂੰ ਹਿਰਾਸਤ ਵਿੱਚ ਲਿਆ ਹੈ। ਪੁਲਿਸ ਉਸ ਤੋਂ ਪੁੱਛਗਿੱਛ ਕਰੇਗੀ ਤੇ ਰੀਆ ਦੀ ਮੌਤ ਦਾ ਸੱਚ ਪਤਾ ਕਰੇਗੀ। ਰੀਆ ਰਾਜਕੁਮਾਰ ਮਿਸੀਸਾਗਾ ਦੇ ਮੈਡੋਵੇਲ ਵਿਲੇਜ ਪਬਲਿਕ ਸਕੂਲ ਦੀ ਵਿਦਿਆਰਥਣ ਸੀ। ਬੱਚੀ ਆਪਣੇ ਪਿਤਾ ਨਾਲ ਸਾਰਾ ਸਮਾਂ ਨਹੀਂ ਰਹਿ ਰਹੀ ਸੀ, ਅਤੇ ਉਸ ਦੀ ਮਾਂ ਨੇ ਉਸ ਨੂੰ ਵੀਰਵਾਰ ਦੁਪਹਿਰ 3.30 ਵਜੇ ਪਿਤਾ ਕੋਲ ਛੱਡਿਆ ਸੀ, ਅਤੇ 6.30 ਵਜੇ ਤਕ ਬੱਚੀ ਨੂੰ ਵਾਪਸ ਮਾਂ ਕੋਲ ਛੱਡਿਆ ਜਾਣਾ ਸੀ, ਪਰ ਅਜਿਹਾ ਨਾ ਹੋਣ ਤੇ ਮਾਂ ਨੇ ਪੁਲਿਸ ਨਾਲ ਸੰਪਰਕ ਕੀਤਾ ਸੀ।

# ਮੈੱਟ ਮਿਊਜ਼ੀਅਮ ਕੀਮਤੀ ਤਾਬੂਤ ਮਿਸਰ ਨੂੰ ਕਰੇਗਾ ਵਾਪਸ, ਦੱਸਿਆ ਇਹ ਕਾਰਨ

ਬੀਤੇ ਸਾਲ ਕਰੀਬ 28 ਕਰੋੜ ਰੁਪਏ ਦਾ ਪੁਰਾਣਾ ਸੁਨਹਿਰਾ ਤਾਬੂਤ ਖਰੀਦ ਕੇ ਚਰਚਾ ਵਿਚ ਆਏ ਮੈਟਰੋਪਾਲਟੀਨ ਮਿਊਜ਼ੀਅਮ ਆਫ ਆਰਟ (ਮੈੱਟ) ਨੇ ਇਸ ਨੂੰ ਮਿਸਰ ਨੂੰ ਵਾਪਸ ਦੇਣ ਦਾ ਫੈਸਲਾ ਲਿਆ ਹੈ। ਇਹ ਮਿਊਜ਼ੀਅਮ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਹੈ। ਅਸਲ ਵਿਚ ਮੈੱਟ ਨੇ ਹੁਣ ਇਸ ਗੱਲ ਨੂੰ ਮੰਨ ਲਿਆ ਹੈ ਕਿ ਈਸਾ ਪੂਰਬ ਦੀ ਪਹਿਲੀ ਸਦੀ ਦਾ ਇਹ ਤਾਬੂਤ ਅਸਲ ਵਿਚ ਮਿਸਰ ਤੋਂ ਚੋਰੀ ਕਰ ਕੇ ਅਮਰੀਕਾ ਲਿਆਂਦਾ ਗਿਆ ਸੀ। ਮਿਊਜ਼ੀਅਮ ਅਧਿਕਾਰੀ ਨੇ ਆਪਣੀ ਸਫਾਈ ਵਿਚ ਕਿਹਾ ਕਿ ਉਨ੍ਹਾਂ ਨੇ ਇਸ ਨੂੰ ਸਾਲ 2017 ਵਿਚ ਪੈਰਿਸ ਦੇ ਇਕ ਆਰਟ ਡੀਲਰ ਤੋਂ ਖਰੀਦਿਆ ਸੀ। ਅਧਿਕਾਰੀ ਮੁਤਾਬਕ ਡੀਲਰ ਨੇ ਉਨ੍ਹਾਂ ਨੂੰ ਇਹ ਵਿਸ਼ਵਾਸ ਦਿਵਾਇਆ ਸੀ ਕਿ ਤਾਬੂਤ ਨੂੰ ਕਾਨੂੰਨੀ ਤਰੀਕੇ ਨਾਲ ਮਿਸਰ ਤੋਂ ਲਿਆ ਗਿਆ ਸੀ ਪਰ ਮਿਸਰ ਵੱਲੋਂ ਪੇਸ਼ ਹੋਏ ਵਕੀਲ ਨੇ ਮਿਊਜ਼ੀਅਮ ਨੂੰ ਲੋੜੀਂਦੇ ਸਬੂਤ ਦਿਖਾਏ ਅਤੇ ਦੱਸਿਆ ਕਿ ਇਸ ਨੂੰ ਸਾਲ 2017 ਵਿਚ ਮਿਸਰ ਤੋਂ ਚੋਰੀ ਕਰ ਕੇ ਲਿਆਂਦਾ ਗਿਆ ਸੀ। ਜਾਣਕਾਰੀ ਮੁਤਾਬਕ ਇਹ ਤਾਬੂਤ ਮਿਸਰ ਦੇਵਤਾ ਹਰਿਸਾਫ ਦੀ ਪੂਜਾ ਕਰਨ ਵਾਲੇ ਮਸ਼ਹੂਰ ਪੁਜਾਰੀ ਨੇਗਿਯਮਿੰਖ ਦਾ ਸੀ। ਉਸ 'ਤੇ ਉਨ੍ਹਾਂ ਦਾ ਨਾਮ ਉਕਰਿਆ ਹੋਇਆ ਹੈ। ਇੱਥੇ ਦੱਸ ਦਈਏ ਕਿ ਮੈੱਟ ਦੇ ਨਾਲ ਅਜਿਹਾ ਬਹੁਤ ਘੱਟ ਹੋਇਆ ਹੈ ਕਿ ਉਸ ਨੇ ਚੋਰੀ ਦੀਆਂ ਪੁਰਾਣੀਆਂ ਚੀਜ਼ਾਂ ਖਰੀਦੀਆਂ ਹੋਣ। ਇਸ ਤੋਂ ਪਹਿਲਾਂ ਅਜਿਹਾ ਇਕ ਮਾਮਲਾ ਕਰੀਬ 10 ਸਾਲ ਪਹਿਲਾਂ ਸਾਹਮਣੇ ਆਇਆ ਸੀ। ਉਦੋਂ ਮਿਊਜ਼ੀਅਮ ਨੇ 2500 ਸਾਲ ਪੁਰਾਣਾ ਫੁੱਲਦਾਨ ਖਰੀਦਿਆ ਸੀ ਉਸ ਦੇ ਇਟਲੀ ਤੋਂ ਚੋਰੀ ਕੀਤੇ ਜਾਣ ਦਾ ਸ਼ੱਕ ਸੀ। ਮਿਊਜ਼ੀਅਮ ਨੇ ਉਸ ਨੂੰ ਵੀ ਵਾਪਸ ਕਰ ਦਿੱਤਾ ਸੀ।